# News Release
# Communiqué

Ontario

**Ministry of Citizenship and Immigration**

**Ministère des Affaires civiques et de l'Immigration**

8 ਜੂਨ 2006

## ਨਵੇਂ ਆਉਣ ਵਾਲਿਆਂ ਨੂੰ ਪੇਸ਼ ਰੁਕਾਵਟਾਂ ਹਟਾਉਣ ਲਈ ਮੈਗਿੰਟੀ ਸਰਕਾਰ ਵੱਲੋਂ ਕਾਨੂੰਨ ਲਿਆਂਦਾ ਗਿਆ

*ਪ੍ਰਸਤਾਵਿਤ ਕਾਨੂੰਨ ਵਧੇਰੇ ਨਵੇਂ ਆਉਣ ਵਾਲਿਆਂ ਦੀ ਪਾਬੰਦ ਪੇਸ਼ਿਆਂ ਵਿੱਚ ਕੰਮ ਕਰਨ ਵਿੱਚ ਮਦਦ ਕਰੇਗਾ*

ਟੋਰੰਟੋ – ਮੈਗਿੰਟੀ ਸਰਕਾਰ ਇੱਕ ਕਾਨੂੰਨ "ਦ ਫੇਅਰ ਐਕਸੈੱਸ ਟੂ ਰੈਗੂਲੇਟਿਡ ਪ੍ਰੋਫੈਸ਼ਨਜ਼ ਐਕਟ, 2006" ਲਿਆ ਰਹੀ ਹੈ ਜੋ, ਜੇ ਪਾਸ ਹੋ ਗਿਆ, ਪੇਸ਼ ਰੁਕਾਵਟਾਂ ਹਟਾ ਦੇਵੇਗਾ ਤਾਂ ਕਿ ਵਧੇਰੇ ਗਿਣਤੀ ਵਿੱਚ ਅੰਤਰਾਸ਼ਟਰੀ ਸਿਖਲਾਈ-ਪ੍ਰਾਪਤ ਪੇਸ਼ਾਵਰ ਵਿਅਕਤੀ ਆਪੋ-ਆਪਣੇ ਖੇਤਰ ਵਿੱਚ ਕੰਮ ਕਰ ਸਕਣ, ਓਨਟੇਰੀਓ ਦੇ ਸਿਟੀਜ਼ਨਸ਼ਿੱਪ ਅਤੇ ਇਮੀਗ੍ਰੇਸ਼ਨ ਮੰਤਰੀ ਮਾਈਕ ਕੌਲੇ ਨੇ ਅੱਜ ਐਲਾਨ ਕੀਤਾ।

"ਅਸੀਂ ਸਖ਼ਤ ਮਿਹਨਤ ਕਰਨ ਵਾਲੇ ਨਵੇਂ ਆਉਣ ਵਾਲੇ ਨਿਵਾਸੀਆਂ ਵੱਲ ਹਾਂ ਜੋ ਆਪਣੀ ਮੁਹਾਰਤ ਦੇ ਖੇਤਰ ਵਿੱਚ ਕੰਮ ਕਰਨਾ ਚਾਹੁੰਦੇ ਹਨ," ਪ੍ਰੀਮੀਅਰ ਮੈਗਿੰਟੀ ਨੇ ਕਿਹਾ। "ਕਾਨੂੰਨ ਰੁਕਾਵਟਾਂ ਹਟਾਵੇਗਾ, ਨਿਆਂਪੂਰਣ ਵਿਹਾਰ ਵਧਾਵੇਗਾ, ਅਤੇ ਯਕੀਨੀ ਬਣਾਵੇਗਾ ਕਿ ਸਾਡੇ ਨਵੇਂ ਆਉਣ ਵਾਲੇ ਨਿਵਾਸੀਆਂ ਨੂੰ ਆਪਣੀ ਪੂਰੀ ਸਮਰੱਥਾ ਤਕ ਤਰੱਕੀ ਕਰਨ ਅਤੇ ਸਾਡੇ ਅਰਥਚਾਰੇ ਵਿੱਚ ਯੋਗਦਾਨ ਪਾਉਣ ਦਾ ਪੂਰਾ ਮੌਕਾ ਮਿਲੇ।"

ਪ੍ਰਸਤਾਵਿਤ ਕਾਨੂੰਨ, ਜੋ ਕੈਨੇਡਾ ਵਿੱਚ ਆਪਣੀ ਕਿਸਮ ਦਾ ਪਹਿਲਾ ਹੈ, ਮੁਤਾਬਕ ਓਨਟੇਰੀਓ ਦੇ 34 ਪਾਬੰਦ ਪੇਸ਼ਿਆਂ ਨੂੰ ਇਹ ਯਕੀਨੀ ਬਣਾਉਣਾ ਪਵੇਗਾ ਕਿ ਉਨ੍ਹਾਂ ਦੀ ਲਸੰਸ ਜਾਰੀ ਕਰਨ ਦੀ ਪ੍ਰਣਾਲੀ ਨਿਆਂਕਾਰੀ, ਸਪਸ਼ਟ ਅਤੇ ਖੁੱਲ੍ਹੀ ਹੋਵੇ। ਉਨ੍ਹਾਂ ਨੂੰ ਦਸਤਾਵੇਜਾਂ ਦਾ ਮੁਲਾਂਕਣ ਵੀ ਵਧੇਰੇ ਛੇਤੀ ਕਰਨਾ ਪਵੇਗਾ।

ਪ੍ਰਸਤਾਵਿਤ ਕਾਨੂੰਨ ਵਿੱਚ ਹੇਠ ਲਿਖੀਆਂ ਮੱਦਾਂ ਵੀ ਸ਼ਾਮਲ ਹਨ:

- ਇੱਕ "ਫੇਅਰ ਰਜਿਸਟ੍ਰੇਸ਼ਨ ਪ੍ਰੈਕਟਿਸਿਜ਼ ਕਮਿਸ਼ਨਰ" ਦੀ ਮੌਜੂਦਗੀ ਜੋ ਪਾਬੰਦ ਪੇਸ਼ਿਆਂ ਦੇ ਰਜਿਸਟਰ ਕੀਤੇ ਜਾਣ ਦੀਆਂ ਰਵਾਇਤਾਂ ਦਾ ਮੁਲਾਂਕਣ ਕਰੇਗਾ ਅਤੇ ਨਿਯੰਤਰਿਤ ਕਰਨ ਵਾਲੇ ਅਦਾਰਿਆਂ ਵੱਲੋਂ ਕਾਨੂੰਨ ਦੀ ਪਾਲਣਾ ਤੇ ਨਿਗਾਹ ਰੱਖੇਗਾ।
- ਓਨਟੇਰੀਓ ਤੋਂ ਬਾਹਰ ਸਿਖਲਾਈ-ਪ੍ਰਾਪਤ ਵਿਅਕਤੀਆਂ ਨੂੰ ਆਪਣੇ ਪੇਸ਼ੇ ਵਿੱਚ ਕੰਮ ਕਰਨ ਸੰਬੰਧੀ ਲੋੜੀਂਦੀ ਜਾਣਕਾਰੀ ਅਤੇ ਸਹੀ ਥਾਂ ਭੇਜਣ ਲਈ ਇੱਕ ਨਵਾਂ "ਐਕਸੈੱਸ ਸੈਂਟਰ ਫਾਰ ਇੰਟਰਨੈਸ਼ਨਲੀ ਟਰੇਨਡ ਇੰਡੀਵਿਜੁਅਲਜ਼"। ਇਹ ਵਿੱਦਿਅਕ ਅਦਾਰਿਆਂ, ਰੋਜ਼ਗਾਰ-ਦਾਤਾਵਾਂ, ਅਤੇ ਕਮਿਊਨਿਟੀ ਅਦਾਰਿਆਂ ਲਈ ਵਜ਼ੀਫਿਆਂ ਅਤੇ ਉਸਤਾਦਗੀ ਸੰਬੰਧੀ ਇੱਕ ਸ਼ਾਨਦਾਰ ਕਾਰਗੁਜ਼ਾਰੀ ਵਾਲੇ ਕੇਂਦਰ ਵਜੋਂ ਵੀ ਕਾਰਜ ਕਰੇਗਾ।

"ਅਸੀਂ ਇਹ ਯਕੀਨੀ ਬਣਾ ਰਹੇ ਹਾਂ ਕਿ ਹਜ਼ਾਰਾਂ ਹੀ ਅੰਤਰਾਸ਼ਟਰੀ ਸਿਖਲਾਈ-ਪ੍ਰਾਪਤ ਪੇਸ਼ਾਵਰਾਂ ਦੇ ਹੁਨਰ ਓਨਟੇਰੀਓ ਦੀ ਪ੍ਰਤਿਭਾ ਵਿੱਚ ਵਾਧਾ ਬਣਨ, ਨਾ ਕਿ ਪ੍ਰਤਿਭਾ ਦੀ ਬਰਬਾਦੀ," ਕੌਲੇ ਨੇ ਕਿਹਾ। "ਅਸੀਂ ਅਨੇਕਾਂ ਹੀ ਅਜਿਹੇ ਪ੍ਰਤੀਭਾਵਾਨ ਵਿਅਕਤੀਆਂ ਲਈ ਰੁਕਾਵਟਾਂ ਹਟਾਉਣ ਪ੍ਰਤੀ ਆਪਣੀ ਪਕਿਆਈ ਦਾ ਮੁਜ਼ਾਹਰਾ ਕਰ ਰਹੇ ਹਾਂ ਜੋ ਓਨਟੇਰੀਓ ਵਿੱਚ ਰਹਿਣ ਨੂੰ ਤਰਜੀਹ ਦਿੰਦੇ ਹਨ।"

" ਇੱਕ ਅਜਿਹਾ ਕਾਨੂੰਨ ਲਿਆਉਣ ਲਈ ਓਨਟੇਰੀਓ ਸਰਕਾਰ ਦੀ ਸਿਫ਼ਤ ਕਰਨੀ ਬਣਦੀ ਹੈ ਜੋ ਅੰਤਰਾਸ਼ਟਰੀ ਸਿਖਲਾਈ-ਪ੍ਰਾਪਤ ਪੇਸ਼ਾਵਰਾਂ ਦੇ ਕਰਮਚਾਰੀ ਦਲ ਵਿੱਚ ਏਕੀਕ੍ਰਿਤ ਹੋਣ ਵਿੱਚ ਮਦਦ ਕਰਦਾ ਹੈ," ਇੰਸਟੀਚਿਊਟ ਆਫ਼ ਚਾਰਟਰਡ ਅਕਾਊਂਟੈਂਟਸ ਆਫ਼ ਓਨਟੇਰੀਓ ਦੇ ਪ੍ਰਧਾਨ ਅਤੇ ਸੀ.ਈ.ਓ. ਬ੍ਰਾਇਨ ਹੰਟ ਨੇ ਕਿਹਾ। "ਇੰਸਟੀਚਿਊਟ ਦੇ ਤਜਰਬੇ ਤੋਂ ਪਤਾ ਲੱਗਦਾ ਹੈ ਕਿ ਅੰਤਰਾਸ਼ਟਰੀ ਸਿਖਲਾਈ-ਪ੍ਰਾਪਤ ਵਿਅਕਤੀਆਂ ਨੂੰ ਪਾਰਦਰਸ਼ੀ ਪੇਸ਼ਾਵਰ-ਪੰਧ ਵਿਖਾਉਣ ਨਾਲ ਨਾ ਸਿਰਫ਼ ਉਨ੍ਹਾਂ ਵਿਅਕਤੀਆਂ ਨੂੰ ਹੀ ਨਿਜੀ ਤੌਰ ਤੇ ਫਾਇਦਾ ਹੁੰਦਾ ਹੈ ਬਲਕਿ ਪੂਰੇ ਸੂਬੇ ਨੂੰ ਵੀ ਸਮੁੱਚੇ ਤੌਰ ਤੇ ਫਾਇਦਾ ਹੁੰਦਾ ਹੈ।"

"ਦ ਫੇਅਰ ਐਕਸੈੱਸ ਟੂ ਰੈਗੂਲੇਟਿਡ ਪ੍ਰੋਫੈਸ਼ਨਜ਼ ਐਕਟ, 2006" ਨਵੇਂ ਆਉਣ ਵਾਲੇ ਨਿਵਾਸੀਆਂ ਨੂੰ ਕਾਮਯਾਬ ਹੋਣ ਵਿੱਚ ਮਦਦ ਦੇਣ ਲਈ ਮੈਗਿੰਟੀ ਸਰਕਾਰ ਦਾ ਸਭ ਤੋਂ ਤਾਜ਼ਾ ਕਦਮ ਹੈ। ਬਾਕੀ ਦੀਆਂ ਪਹਿਲਕਦਮੀਆਂ ਵਿੱਚ ਸ਼ਾਮਲ ਹਨ:

- ਅੰਤਰਾਸ਼ਟਰੀ ਸਿਖਲਾਈ-ਪ੍ਰਾਪਤ ਪੇਸ਼ਾਵਰ ਵਿਅਕਤੀਆਂ ਲਈ ਓਨਟੇਰੀਓ ਪਬਲਿਕ ਸਰਵਿਸ ਅਤੇ ਕਰਾਊਨ ਏਜੰਸੀਜ਼ (ਜਨ ਸੇਵਾ ਅਤੇ ਸਰਕਾਰੀ ਅਦਾਰਿਆਂ) ਵਿੱਚ ਛੇ ਮਹੀਨੇ ਲਈ ਇੰਟਰਨਸ਼ਿਪ ਪ੍ਰੋਗਰਾਮ ਆਰੰਭ ਕਰਨਾ।
- ਅੰਤਰਾਸ਼ਟਰੀ ਸਿਖਲਾਈ-ਪ੍ਰਾਪਤ ਮੈਡੀਕਲ ਗ੍ਰੇਜੂਏਟਾਂ ਲਈ ਸਿਖਲਾਈ ਅਤੇ ਮੁੱਲਾਂਕਣ ਵਾਲੇ ਅਹੁਦਿਆਂ ਦੀ ਗਿਣਤੀ ਦੁੱਗਣੀ ਕਰਨਾ।
- ਸਭ ਤੋਂ ਪਹਿਲੇ ਓਨਟੇਰੀਓ-ਕੈਨੇਡਾ ਇਮੀਗ੍ਰੇਸ਼ਨ ਸਮਝੌਤੇ ਲਈ ਸੌਦੇਬਾਜ਼ੀ ਕਰਨਾ, ਜਿਸ ਤਹਿਤ ਉਨਟੇਰੀਓ ਵਿੱਚ ਨਵੇਂ ਆਉਣ ਵਾਲੇ ਵਿਅਕਤੀਆਂ ਲਈ ਬੋਲੀ ਦੀ ਸਿਖਲਾਈ ਅਤੇ ਮੁੜ-ਵਸੇਬੇ ਦੇ ਪ੍ਰੋਗਰਾਮਾਂ ਲਈ ਲਗਾਈ ਜਾਣ ਵਾਲੀ ਰਾਸ਼ੀ ਨੂੰ ਵਧਾ ਕੇ 920 ਮਿਲੀਅਨ ਡਾਲਰ ਕਰ ਦੇਣਾ।
- *Ontarioimmigration.ca* ਆਰੰਭ ਕਰਨਾ ਜੋ ਪੇਸ਼ਿਆਂ ਅਤੇ ਕਿੱਤਿਆਂ ਵਿੱਚ ਕੰਮ ਕਰਨ ਦੇ ਹਰ ਪੱਖ ਬਾਰੇ ਓਨਟੇਰੀਓ ਵਿੱਚ ਨਵੇਂ ਆਉਣ ਵਾਲਿਆਂ ਨੂੰ ਤਾਜ਼ਾ ਜਾਣਕਾਰੀ ਪ੍ਰਦਾਨ ਕਰੇਗੀ।

ਓਨਟੇਰੀਓ ਵਿੱਚ ਹਰ ਸਾਲ 140,000 ਨਵੇਂ ਵਿਅਕਤੀ ਆਉਂਦੇ ਹਨ। ਪਿਛਲੇ ਦੋ ਸਾਲਾਂ ਵਿੱਚ, ਇਨ੍ਹਾਂ ਵਿੱਚੋਂ ਅੱਧੇ ਯੂਨੀਵਰਸਿਟੀ ਤੋਂ ਵਿੱਦਿਆ ਹਾਸਲ ਕਰਨ ਵਾਲੇ ਸਨ। ਆਉਣ ਵਾਲੇ ਪੰਜਾਂ ਸਾਲਾਂ ਵਿੱਚ, ਸੂਬੇ ਦੇ ਮਜ਼ਦੂਰ ਵਰਗ ਦੇ ਕੁੱਲ ਖਾਲਸ ਵਾਧਾ ਸਿਰਫ ਨਵੇਂ ਆਉਣ ਵਾਲਿਆਂ ਰਾਹੀਂ ਹੀ ਹੋਵੇਗਾ।

– 30 –

ਸੰਪਰਕ:
ਡਾਨਾ ਓਬ੍ਰਾਇਨ
ਮੰਤਰੀ ਦਾ ਦਫ਼ਤਰ
*416-325-3460*

ਕੈਰਨ ਰੈਸ
ਕਮਿਊਨੀਕੇਸ਼ਨਜ਼ ਬਰਾਂਚ
*416-314-7012*

*Disponible en français*

www.citizenship.gov.on.ca
www.OntarioImmigration.ca